# ਦਫਤਰ ਜਿਲ੍ਹਾ ਸਿੱਖਿਆ ਅਫਸਰ ਅਫਸਰ(ਸੈ.ਸਿੱ.)ਲੁਧਿਆਣਾ

ਸੇਵਾ ਵਿਖੇ,

ਪ੍ਰਿੰਸੀਪਲ/ਮੁੱਖ ਅਧਿਆਪਕ/ਇੰਚਾਰਜ(ਨੱਥੀ ਲਿਸਟ ਅਨੁਸਾਰ)

ਸਸਸਸ/ਸਹਸ/ਸਮਿਸ

ਜਿਲ੍ਹਾ ਲੁਧਿਆਣਾ।

ਪੱਤਰ ਨੰ.ਜੀ-4/2024/ਜਨਰਲ ਸਕਾ./ਸਪੈਸ਼ਲ-1

ਮਿਤੀ :- 16.12.2024

ਵਿਸ਼ਾ:- ਵਿੱਦਿਅਕ ਸੈਸ਼ਨ 2024-25 ਦੌਰਾਨ ਜਨਰਲ ਸਕਾਲਰਸਿਪ ਸਕੀਮ ਵਿੱਚ ਅਪਲਾਈ ਕੀਤੇ ਵਿਦਿਆਰਥੀਆਂ ਦਾ ਡਾਟਾ ਅਪਰੂਵ ਕਰਨ ਸਬੰਧੀ।

ਹਵਾਲਾ:- ਦਫਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ ਪੰਜਾਬ ਐਸ.ਏ.ਐਸ ਨਗਰ ਜੀ ਦੇ ਦਫਤਰ ਦੇ ਮੀਮੋ ਨੰ.7271 31/2024316390 ਮਿਤੀ 10.12.2024 ਦੇ ਸਬੰਧ ਵਿੱਚ।

ਉਪਰੋਕਤ ਵਿਸ਼ੇ ਤੇ ਹਵਾਲਾ ਅਧੀਨ ਪੱਤਰ ਦੇ ਸਬੰਧ ਵਿੱਚ ਆਪ ਜੀ ਨੂੰ ਜਮਾਤ ਪੰਜਵੀਂ ਅਤੇ ਅੱਠਵੀਂ ਦੇ ਮੈਰਿਟ ਵਿੱਚ ਆਏ ਵਿਦਿਆਰਥੀ ਜੋ ਕਿ ਆਪ ਜੀ ਦੇ ਸਕੂਲ ਵਿੱਚ ਛੇਵੀਂ ਅਤੇ ਨੌਵੀਂ ਜਮਾਤ ਵਿੱਚ ਪੜ੍ਹ ਰਹੇ ਹਨ,ਦੀ ਲਿਸਟ ਭੇਜਦੇ ਹੋਏ ਲਿਖਿਆ ਜਾਂਦਾ ਹੈ ਕਿ ਲਿਸਟ ਵਿੱਚ ਦਰਜ ਵਿਦਿਆਰਥੀਆਂ ਦਾ ਜਨਰਲ ਸਕਾਲਰਸ਼ਿਪ ਸਕੀਮ ਅਧੀਨ ਵਜੀਫਾ ਸਹੀਕਰਤਾ ਦੇ ਦਫਤਰ ਵੱਲੋਂ ਅਪਲਾਈ ਕਰ ਦਿੱਤਾ ਗਿਆ ਹੈ । ਹੁਣ ਲਿਸਟ ਵਿੱਚ ਦਰਜ ਵਿਦਿਆਰਥੀਆਂ ਦਾ ਡਾਟਾ ਸਬੰਧਿਤ ਸਕੂਲਾਂ ਦੇ ਮੁਖੀਆਂ ਵੱਲੋ ਈ ਪੰਜਾਬ ਪੋਰਟਲ ਤੇ ਵੈਰੀਫਾਈ ਕਰਕੇ ਅਪਰੂਵ ਕੀਤਾ ਜਾਣਾ ਹੈ।

ਇਸ ਲਈ ਆਪ ਜੀ ਨੂੰ ਲਿਖਿਆ ਜਾਂਦਾ ਹੈ ਕਿ ਤੁਰੰਤ ਬਿਨਾ ਕਿਸੇ ਦੇਰੀ ਦੇ ਅੱਜ ਹੀ ਹਰ ਹਾਲਤ ਵਿੱਚ ਲਿਸਟ ਵਿੱਚ ਦਰਜ ਆਪਣੇ-ਆਪਣੇ ਸਕੂਲ ਦੇ ਵਿਦਿਆਰਥੀਆਂ ਦਾ ਡਾਟਾ ਈ-ਪੰਜਾਬ ਪੋਰਟਲ ਤੇ ਵੈਰੀਫਾਈ ਕਰਕੇ ਅਪਰੂਵ ਕੀਤਾ ਜਾਣਾ ਯਕੀਨੀ ਬਣਾਇਆ ਜਾਵੇ, ਕਿਉਕਿ ਆਪ ਜੀ ਨੂੰ ਪਤਾ ਹੀ ਹੈ ਕਿ ਅੱਜ ਮਿਤੀ 16.12.2024 ਸਕੂਲ ਲੈਵਲ ਤੇ ਵਿਦਿਆਰਥੀਆਂ ਦਾ ਡਾਟਾ ਅਪਰੂਵ ਕਰਨ ਦੀ ਅੰਤਿਮ ਮਿਤੀ ਹੈ। ਇਸ ਤੋ ਬਾਅਦ ਪੋਰਟਲ ਤੋ ਆਪ ਜੀ ਵੱਲੋ ਸਬੰਧਿਤ ਵਿਦਿਆਰਥੀ ਦਾ ਡਾਟਾ ਅਪਰੂਵ ਨਹੀਂ ਕੀਤਾ ਜਾ ਸਕੇਗਾ ਅਤੇ ਵਿਦਿਆਰਥੀ ਦੀ ਐਪਲੀਕੇਸ਼ਨ ਉੱਚ ਵਿਭਾਗ ਨੂੰ ਫਾਰਵਰਡ ਨਹੀਂ ਕੀਤੀ ਜਾ ਸਕੇਗੀ ।

ਜੇਕਰ ਕਿਸੇ ਯੋਗ ਵਿਦਿਆਰਥੀ ਦਾ ਡਾਟਾ ਆਪ ਜੀ ਵੱਲੋ ਸਮੇਂ ਸਿਰ ਅਪਰੂਵ ਨਹੀਂ ਕੀਤਾ ਜਾਂਦਾ ਹੈ,ਜਿਸ ਕਰਕੇ ਵਿਦਿਆਰਥੀ ਦੀ ਐਪਲੀਕੇਸ਼ਨ ਵਿਭਾਗ ਨੂੰ ਭੇਜਣ ਤੋ ਰਹਿ ਜਾਂਦੀ ਹੈ ਅਤੇ ਕੋਈ ਯੋਗ ਵਿਦਿਆਰਥੀ ਵਜੀਫੇ ਤੋਂ ਵਾਂਝਾ ਰਹਿ ਜਾਂਦਾ ਹੈ ਤਾਂ ਇਸ ਦੀ ਨਿਰੋਲ ਜਿੰਮੇਵਾਰੀ ਸਬੰਧਿਤ ਸਕੂਲ ਮੁਖੀ ਦੀ ਹੋਵੇਗੀ।

ਇਸ ਨੂੰ ਪਰਮ ਅਗੇਤ ਦਿੱਤੀ ਜਾਵੇ ।

ਨੱਥੀ:-ਉਕਤ ਅਨੁਸਾਰ ਵਿਦਿ.ਦੀ ਲਿਸਟ ।

ਸਹੀ/-

ਜਿਲ੍ਹਾ ਸਿੱਖਿਆ ਅਫਸਰ (ਸੈ.ਸਿੱ.)

ਲੁਧਿਆਣਾ।